# ਦਾ ਸਮਰ ਐਕਸਪ੍ਰੈਸ- ਅਖਬਾਰ ਸਮੂਹ ਦੀ ਖਾਸ ਪੇਸ਼ਕਸ਼

## ਸੋਨੇ ਨੇ ਹਮੇਸ਼ਾ ਹੀ ਹਰ ਇੱਕ ਇਨਸਾਨ ਨੂੰ ਰੱਖਿਆ ਹੈ ਅਮੀਰ ਬਣਾ ਕੇ: ਸਰਬਜੀਤ ਸਿੰਘ ਪਾਰਸ ਜੁਵੈਲਰਜ

## ਮੋਹਾਲੀ ਦੇ ਵਪਾਰੀਆਂ ਦੀਆਂ ਮੁਸ਼ਕਲਾਂ






▶ ਪ੍ਰਦੀਪ ਸਿੰਘ ਹੈਪੀ, ਆਰਜ਼ੂ, ਜੱਸੋਵਾਲ

ਅੱਜ -ਦਾ ਸਮਰ ਐਕਸਪ੍ਰੈਸ -ਅਖਬਾਰ ਸਮੂਹ ਦੀ ਤਰਫੋਂ ਮੋਹਾਲੀ ਦੇ ਫੇਜ਼ 7 ਵਿਖੇ ਇੱਕ ਪ੍ਰਭਾਵਸ਼ਾਲੀ



ਪ੍ਰੋਗਰਾਮ "ਕੀ ਚਾਹੁੰਦਾ ਹੈ ਵਪਾਰੀ" ਦਾ ਆਯੋਜਨ ਕੀਤਾ ਗਿਆ, ਇਸ ਮੌਕੇ 'ਤੇ ਜਵੈਲਰਜ਼ ਐਸੋਸੀਏਸ਼ਨ ਅਤੇ ਮਾਰਕੀਟ ਐਸੋਸੀਏਸ਼ਨ ਫੇਜ਼ -7 ਦੇ ਪ੍ਰਧਾਨ ਸਰਬਜੀਤ ਸਿੰਘ ਪਾਰਸ ਅਤੇ ਵਪਾਰ ਜਗਤ ਨਾਲ ਜੁੜੀਆਂ ਹਸਤੀਆਂ ਨੇ ਆਪੋ ਆਪਣੇ ਵਿਚਾਰ- ਦਾ ਸਮਰ ਐਕਸਪ੍ਰੈਸ ਅਖਬਾਰ ਦੇ ਨੁਮਾਇੰਦਿਆਂ ਨਾਲ ਸਾਂਝੇ ਕੀਤੇ, ਇਸ ਮੌਕੇ 'ਤੇ ਵੱਡੀ ਗਿਣਤੀ ਦੇ ਵਿੱਚ ਫੇਜ਼ 7 ਦੀ ਮਾਰਕੀਟ ਵਿੱਚ ਸ਼ੋਪਿੰਗ ਕਰ ਰਹੀਆਂ ਮਹਿਲਾਵਾਂ ਅਤੇ ਨੌਜਵਾਨ ਵਰਗ ਨੇ ਵੀ ਅਖਬਾਰ ਦੇ ਨੁਮਾਇੰਦਿਆਂ ਨਾਲ ਆਪੋ- ਆਪਣੀ ਗੱਲ ਰੱਖੀ, ਇਸ ਈਵੈਂਟ ਦੇ ਦੌਰਾਨ ਮੁੱਖ ਤੌਰ 'ਤੇ ਇਹ ਗੱਲ ਸਾਹਮਣੇ ਆਈ ਕਿ ਮੋਹਾਲੀ ਬਾਰਡਰ 'ਤੇ ਹੋਣ ਦੇ ਚਲਦਿਆਂ ਗਾਹਕਾਂ ਲਈ ਖਰੀਦ ਦਾ ਪ੍ਰਮੁੱਖ ਕੇਂਦਰ ਹਮੇਸ਼ਾ ਹੀ ਚੰਡੀਗੜ੍ਹ ਰਿਹਾ ਹੈ, ਗਾਹਕ ਸੋਚਦਾ ਹੈ ਕਿ ਨਾਲੇ ਤਾਂ ਚੰਡੀਗੜ੍ਹ ਘੁੰਮ- ਫਿਰ ਆਵਾਂਗੇ ਅਤੇ ਨਾਲ ਹੀ ਚੰਡੀਗੜ੍ਹ ਦੇ ਵਿੱਚ ਕੱਪੜਾ ਅਤੇ ਹੋਰ ਸਮਾਨ ਸਸਤਾ ਮਿਲੇਗਾ ਅਤੇ ਕੱਪੜੇ ਦੀ ਵਰਾਇਟੀ ਵੀ ਵੱਧ ਹੋਵੇਗੀ, ਕਿਉਂਕਿ ਗੁਜਰਾਤ ਅਤੇ ਹੋਰਨਾਂ ਸੂਬਿਆਂ ਨਾਲ ਸੰਬੰਧਿਤ ਵੱਡੇ ਕਾਰੋਬਾਰੀ ਚੰਡੀਗੜ੍ਹ ਦੇ ਦੁਕਾਨਦਾਰਾਂ ਨੂੰ ਵੱਧ ਮਾਲ ਅਤੇ ਹਮੇਸ਼ਾ ਵੱਧ ਤੋਂ ਵੱਧ ਮਾਲ ਸਪਲਾਈ ਕਰਦੇ ਹਨ, ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਜੇਕਰ ਮੋਹਾਲੀ ਦੇ ਵਿੱਚ 10 ਹਜ਼ਾਰ ਦੇ ਸਮਾਨ ਦੀ ਵਿਕਰੀ ਹੋਵੇਗੀ ਤਾਂ ਤਾਂ ਚੰਡੀਗੜ੍ਹ ਦੇ ਵਿੱਚ ਹਰ ਇੱਕ ਦੁਕਾਨਦਾਰ 50,000 ਤੱਕ ਵੱਟ ਲੈਂਦਾ ਹੈ ਅਤੇ ਚੰਡੀਗੜ੍ਹ ਨਾਲ ਸੰਬੰਧਿਤ ਇਹਨਾਂ ਦੁਕਾਨਦਾਰਾਂ ਦੀ ਇਸ ਵਾਧੂ ਵਿਕਰੀ ਦੇ ਚਲਦਿਆਂ ਸਪਲਾਈ ਕਰਨ ਵਾਲੀ ਚੇਨ ਨਾਲ ਸੰਬੰਧਿਤ ਵਪਾਰੀ ਜਗਤ ਨੂੰ ਕਿਤੇ ਜਿਆਦਾ ਲਾਭ ਮਿਲੇਗਾ।

ਜੁਆਇਲਰੀਜ ਦੇ ਮਾਮਲੇ ਨਾਲ ਸੰਬੰਧਿਤ ਗੱਲਬਾਤ ਕਰਦੇ ਹੋਏ ਉਚੇਚੇ ਤੌਰ 'ਤੇ ਜੁਆਇਲਰੀਜ ਐਸੋਸੀਏਸ਼ਨ ਦੇ ਲੰਮੇ ਸਮੇਂ ਤੋਂ ਪ੍ਰਧਾਨ ਸਰਬਜੀਤ ਸਿੰਘ ਪਾਰਸ ਜੁਐਲਰ ਨੇ ਦੱਸਿਆ ਕਿ ਸੋਨੇ ਨੇ ਹਮੇਸ਼ਾ ਹੀ ਹਰ ਇੱਕ ਵਿਅਕਤੀ ਨੂੰ ਅਮੀਰ ਬਣਾ ਕੇ ਰੱਖਿਆ ਹੈ, ਕਿਉਂਕਿ ਬੇਸ਼ੱਕ ਸੋਨੇ ਦੇ ਭਾਅ ਅਸਮਾਨੀ ਚੜ੍ਹ ਚੁੱਕੇ ਹਨ, ਪਰੰਤੂ ਫਿਰ ਵੀ ਦਹਾਕੇ ਭਰ ਤੋਂ ਲੈ ਕੇ ਅੱਜ ਵੀ ਹਰ ਅਮੀਰ ਅਤੇ ਇੱਥੋਂ ਤੱਕ ਕਿ ਹਰ ਗਰੀਬ ਦੇ ਘਰ ਸੋਨੇ ਦਾ ਇਕ ਗ੍ਰਾਮ, ਦੋ ਗ੍ਰਾਮ ਜਾਂ ਇਸ ਤੋਂ ਵੀ ਵੱਧ ਸੋਨਾ ਅਤੇ ਚਾਂਦੀ ਦੇ ਗਹਿਣੇ ਜਰੂਰ ਜਾਂਦੇ ਹਨ, ਕਿਉਂਕਿ ਸੋਨੇ ਅਤੇ ਚਾਂਦੀ ਦੇ ਗਹਿਣੇ ਹਰ ਇੱਕ ਦੇ ਲਈ ਪ੍ਰਮੁੱਖ ਸੰਪੱਤੀ ਅਤੇ ਮੁੱਖ ਧਰੋਹਰ ਵਜੋਂ ਗਿਣੇ ਜਾਂਦੇ ਹਨ, ਸਰਬਜੀਤ ਸਿੰਘ ਪਾਰਸ ਨੇ ਸਪਸ਼ਟ ਕਿਹਾ ਕਿ ਅੱਜ ਵੀ ਜਾਇਦਾਦ ਦੇ ਮਾਮਲੇ ਵਿੱਚ ਪੈਸਾ ਨਿਵੇਸ਼ ਕਰਨ ਦੀ ਥਾਂ 'ਤੇ ਸੋਨੇ ਅਤੇ ਚਾਂਦੀ ਦੇ ਵਿੱਚ ਨਿਵੇਸ਼ ਕਰਨਾ ਕਿਤੇ ਲਾਹੇਵੰਦ ਸਾਬਿਤ ਹੁੰਦਾ ਹੈ।

### ਮੁਹਾਲੀ ਦੀ ਮਾਰਕੀਟਾਂ 'ਚ ਸਭ ਤੋਂ ਵੱਡੀ ਸਮੱਸਿਆ ਕੀ ਹੈ?

ਮਾਰਕੀਟ ਐਸੋਸੀਏਸ਼ਨ ਫੇਜ਼-7 ਦੇ ਪ੍ਰਧਾਨ ਸਰਬਜੀਤ ਸਿੰਘ ਪਾਰਸ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਮਾਰਕੀਟ ਦੀ ਸਥਿਤੀ ਚਿੰਤਾ ਜਨਕ ਹੈ। ਉਹਨਾਂ ਕਿਹਾ ਕਿ ਸਭ ਤੋਂ ਵੱਡੀ ਸਮੱਸਿਆ ਸਫ਼ਾਈ ਦੀ ਹੈ ਕਿਉਂਕਿ ਬਾਜ਼ਾਰਾਂ ਵਿੱਚ ਕੂੜਾ-ਕਰਕਟ ਸਮੇਂ 'ਤੇ ਨਹੀਂ ਉਠਾਇਆ ਜਾਂਦਾ, ਜਿਸ ਨਾਲ ਗੰਦਗੀ, ਬਦਬੂ ਅਤੇ ਮੱਖੀਆਂ-ਮੱਛਰਾਂ ਦੀ ਭਰਮਾਰ ਬਣੀ ਰਹਿੰਦੀ ਹੈ। ਇਸਦੇ ਨਾਲ-ਨਾਲ ਦਰੱਖਤਾਂ ਦੀ ਸਮੇਂ-ਸਮੇਂ ਤੇ ਛਾਂਟ-ਛਾਂਟ ਨਾ ਹੋਣ ਕਰਕੇ ਦੁਕਾਨਾਂ ਦੇ ਸਾਹਮਣੇ ਰੁਕਾਵਟ ਪੈਦਾ ਹੁੰਦੀ ਹੈ, ਸੜਕਾਂ 'ਤੇ ਅੰਧੇਰਾ ਰਹਿੰਦਾ ਹੈ ਅਤੇ ਟ੍ਰੈਫ਼ਿਕ ਦੀ ਗਤੀ ਵੀ ਪ੍ਰਭਾਵਿਤ ਹੁੰਦੀ ਹੈ।

ਉਹਨਾਂ ਦੱਸਿਆ ਕਿ ਮਾਰਕੀਟ ਦੇ ਦੁਕਾਨਦਾਰਾਂ ਨੇ ਕਈ ਵਾਰੀ ਇਕ ਵਫਦ ਦੇ ਰੂਪ ਵਿੱਚ ਮੋਹਾਲੀ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਮਿਲ ਕੇ ਸਮੱਸਿਆਵਾਂ ਰੱਖੀਆਂ ਹਨ। ਖ਼ਾਸ ਕਰਕੇ, ਪੇਡ ਪਾਰਕਿੰਗ ਲਗਾਏ ਜਾਣ ਦੀ ਉਹਨਾਂ ਨੇ ਲਗਾਤਾਰ ਮੰਗ ਕੀਤੀ ਹੈ ਤਾਂ ਜੋ ਗ੍ਰਾਹਕਾਂ ਨੂੰ ਆਪਣੀਆਂ ਗੱਡੀਆਂ ਸੁਚੱਜੇ ਤਰੀਕੇ ਨਾਲ ਲਾਈਨ ਵਿੱਚ ਖੜ੍ਹੀਆਂ ਕਰਨ ਦੀ ਸਹੂਲਤ ਮਿਲੇ। ਇਸ ਨਾਲ ਨਾ ਸਿਰਫ਼ ਮਾਰਕੀਟ ਵਿੱਚ ਟ੍ਰੈਫ਼ਿਕ ਜਾਮ ਦੀ ਸਮੱਸਿਆ ਹੱਲ ਹੋਵੇਗੀ, ਸਗੋਂ ਦੂਜੇ ਗਾਹਕਾਂ ਅਤੇ ਰਾਹਗੀਰਾਂ ਨੂੰ ਵੀ ਆਪਣੇ ਵਾਹਨ ਕੱਢਣ-ਰੱਖਣ ਵਿੱਚ ਆਸਾਨੀ ਹੋਵੇਗੀ।

ਸਰਬਜੀਤ ਸਿੰਘ ਪਾਰਸ ਨੇ ਕਿਹਾ ਕਿ ਮਾਰਕੀਟ ਐਸੋਸੀਏਸ਼ਨ ਹਮੇਸ਼ਾ ਹੀ ਜ਼ਿੰਮੇਵਾਰੀ ਨਾਲ ਕੰਮ ਕਰਦੀ ਹੈ ਅਤੇ ਵਪਾਰੀਆਂ ਦੀਆਂ ਆਵਾਜ਼ਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਂਦੀ ਰਹੀ ਹੈ। ਉਹਨਾਂ ਦੱਸਿਆ ਕਿ ਸਮੇਂ-ਸਮੇਂ ਤੇ ਸਬੰਧਤ ਅਧਿਕਾਰੀਆਂ ਨੂੰ ਵਿਸਥਾਰਤ ਰਿਪੋਰਟਾਂ ਅਤੇ ਜਾਣਕਾਰੀ ਦਿੱਤੀ ਜਾਂਦੀ ਹੈ, ਤਾਂ ਜੋ ਮਾਰਕੀਟ ਵਿੱਚ ਦਰਪੇਸ਼ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕੇ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਜੇ ਪ੍ਰਸ਼ਾਸਨ ਗੰਭੀਰਤਾ ਨਾਲ ਕਾਰਵਾਈ ਕਰੇ ਤਾਂ ਮੋਹਾਲੀ ਦੀਆਂ ਮਾਰਕੀਟਾਂ ਨੂੰ ਨਾਂ ਹੀ ਸੁੱਚਾ ਤੇ ਸੁੰਦਰ ਬਣਾਇਆ ਜਾ ਸਕਦਾ ਹੈ, ਸਗੋਂ ਵਪਾਰ ਲਈ ਹੋਰ ਵੀ ਅਨੁਕੂਲ ਮਾਹੌਲ ਤਿਆਰ ਕੀਤਾ ਜਾ ਸਕਦਾ ਹੈ।

### ਕੀ ਸੋਨੇ ਦੇ ਭਾਅ ਆਸਮਾਨੀ ਹੋਣ ਕਾਰਨ ਗਾਹਕੀ ਵਿੱਚ ਕਿੰਨੀ ਕਮੀ ਆਈ ਹੈ?



ਰਾਧਿਕਾ ਜੁਇਲਰਸ ਫੇਜ਼-9 ਦੇ ਪ੍ਰਸਿੱਧ ਵਪਾਰੀ ਰਣਜੀਤ ਪੁਰੀ ਨੇ ਆਪਣੀ ਗੱਲ ਰੱਖਦੇ ਹੋਏ ਕਿਹਾ ਕਿ ਮੌਜੂਦਾ ਸਮੇਂ ਵਿੱਚ ਸੋਨੇ ਦੇ ਭਾਅ ਲਗਾਤਾਰ ਆਸਮਾਨ ਛੂਹ ਰਹੇ ਹਨ। ਇਸ ਕਾਰਨ ਆਮ ਦਿਨਾਂ ਵਿੱਚ ਸੋਨੇ ਦੀ ਵਿਕਰੀ 'ਤੇ ਸਿੱਧਾ ਪ੍ਰਭਾਵ ਪਿਆ ਹੈ ਅਤੇ ਗਾਹਕ ਪਹਿਲਾਂ ਵਾਂਗ ਖੁੱਲ੍ਹ ਕੇ ਖਰੀਦਦਾਰੀ ਨਹੀਂ ਕਰ ਰਹੇ। ਪਰੰਤੂ, ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਵਿਆਹ-ਸ਼ਾਦੀ ਦੇ ਸੀਜ਼ਨ ਦੇ ਦੌਰਾਨ ਇਹ ਰੁਝਾਨ ਬਿਲਕੁਲ ਵੱਖਰਾ ਹੁੰਦਾ ਹੈ।


ਪੁਰੀ ਨੇ ਦੱਸਿਆ ਕਿ ਪੰਜਾਬੀ ਸਮਾਜ ਵਿੱਚ ਧੀ ਨੂੰ ਵਿਆਹ ਸਮੇਂ ਸੋਨੇ-ਚਾਂਦੀ ਦੇ ਗਹਿਣੇ ਦੇਣਾ ਸਿਰਫ਼ ਇਕ ਪਰੰਪਰਾ ਹੀ ਨਹੀਂ, ਸਗੋਂ ਮਾਣ-ਸਤਿਕਾਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਚਾਹੇ ਸੋਨੇ ਦੀ ਕੀਮਤ ਕਿੰਨੀ ਵੀ ਉੱਚੀ ਕਿਉਂ ਨਾ ਹੋਵੇ, ਮਾਤਾ-ਪਿਤਾ ਆਪਣੀ "ਲਾਡੋ ਰਾਣੀ" ਨੂੰ ਉਸਦੇ ਘਰ ਜਾਣ ਵੇਲੇ ਗਹਿਣਿਆਂ ਨਾਲ ਸਜਾ ਕੇ ਰਵਾਨਾ ਕਰਨਾ ਆਪਣਾ ਫਰਜ਼ ਸਮਝਦੇ ਹਨ। ਇਸੀ ਕਰਕੇ ਵਿਆਹ ਦੇ ਮੌਸਮ ਵਿੱਚ ਸੋਨੇ-ਚਾਂਦੀ ਦੀ ਮੰਗ ਹਮੇਸ਼ਾ ਉੱਚੀ ਰਹਿੰਦੀ ਹੈ।

ਕੀ ਚਾਹੁੰਦਾ ਹੈ ਵਪਾਰੀ- ਈਵੈਂਟ ਦੇ ਦੌਰਾਨ- ਦਾ ਸਮਰ ਐਕਸਪ੍ਰੈਸ ਨਾਲ ਗੱਲ ਕਰਦੇ ਹੋਏ ਦੁਕਾਨਦਾਰ –ਜਨਕ ਰਾਜ ਨੇ ਕਿਹਾ ਕਿ ਆਨਲਾਈਨ ਖਰੀਦਦਾਰੀ ਦੇ ਵੱਧ ਜਾਣ ਦੇ ਚਲਦਿਆਂ ਬੇਸ਼ੱਕ ਦੁਕਾਨਦਾਰਾਂ ਦੀ ਵਿਕਰੀ ਤੇ ਫਰਕ ਪਿਆ ਹੈ, ਪ੍ਰੰਤੂ ਫਿਰ ਵੀ ਹੁਣ ਹੌਲੀ ਹੌਲੀ ਇਸ ਮਾਮਲੇ ਵਿੱਚ ਲੋਕ ਜਾਗਰੂਕ ਹੋ ਚੁੱਕੇ ਹਨ ਅਤੇ ਉਹ ਫਿਰ ਤੋਂ ਦੁਕਾਨਦਾਰਾਂ ਕੋਲ ਜਾਣਾ ਸ਼ੁਰੂ ਜਰੂਰ ਕੀਤਾ ਹੈ, ਕਾਰੋਬਾਰੀ- ਜਨਕ ਰਾਜ ਨੇ ਚਿੰਤਾ ਪ੍ਰਗਟਾਈ ਕਿ ਮੋਹਾਲੀ ਜਾਂ ਪੰਜਾਬ ਹੀ ਨਹੀਂ ਬਲਕਿ ਪੂਰੇ ਦੇਸ਼ ਭਰ ਵਿੱਚ ਆਨਲਾਈਨ ਖਰੀਦਦਾਰੀ ਦਾ ਰੁਝਾਨ ਵੱਧ ਜਾਣ ਦੇ ਚਲਦਿਆਂ ਦੁਕਾਨਦਾਰ ਭਰਾਵਾਂ ਵਿੱਚ ਚਿੰਤਾ ਵੇਖੀ ਜਾ ਸਕਦੀ ਹੈ, ਕਿਉਂਕਿ ਉਹਨਾਂ ਦੇ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਡਿੱਗਣੇ ਸ਼ੁਰੂ ਹੋ ਗਏ ਹਨ, ਕਿਉਂਕਿ ਗਾਹਕ ਆਨਲਾਈਨ ਕਿਸੇ ਵੀ ਸਮਾਨ ਦੀ ਖਰੀਦਦਾਰੀ ਕਰ ਲੈਂਦਾ ਹੈ, ਅਤੇ ਦੁਕਾਨਦਾਰ ਗਾਹਕਾਂ ਦੀ ਉਡੀਕ ਹੀ ਕਰਦਾ




ਰਹਿੰਦਾ ਹੈ, ਉਹਨਾਂ ਕਿਹਾ ਕਿ ਦੁਕਾਨਦਾਰਾਂ ਦੇ ਕੋਲ ਵੱਡੀ ਗਿਣਤੀ ਦੇ ਵਿੱਚ ਮੁਲਾਜ਼ਮ ਰੱਖੇ ਹੁੰਦੇ ਹਨ, ਅਤੇ ਇਹ ਗੱਲ ਸਪਸ਼ਟ ਹੈ ਕਿ ਦੁਕਾਨਦਾਰਾਂ ਵੱਲੋਂ ਵੀ ਦੇਸ਼ ਵਿੱਚ ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਲਈ ਵੱਡਾ ਯੋਗਦਾਨ ਹੁੰਦਾ ਹੈ ਅਤੇ ਜੇਕਰ ਦੁਕਾਨਦਾਰਾਂ ਦਾ ਕਾਰੋਬਾਰ ਹੀ ਖਤਮ ਹੋ ਜਾਵੇਗਾ ਤਾਂ ਫਿਰ ਇੱਥੇ ਲੱਗੇ ਹੋਰਨਾ ਮੁਲਾਜ਼ਮਾਂ ਦੇ ਰੋਜ਼ਗਾਰ ਨੂੰ ਵੀ ਠੱਲ ਪਵੇਗੀ, ਇਸ ਲਈ ਸਮੇਂ ਦੀਆਂ ਸਰਕਾਰਾਂ ਨੂੰ ਆਨਲਾਈਨ ਖਰੀਦਦਾਰੀ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਦੇ ਨਾਲ-ਨਾਲ ਦੁਕਾਨਦਾਰਾਂ ਦੇ ਕਾਰੋਬਾਰ ਨੂੰ ਵੀ ਚੱਲਦਾ ਰੱਖਣ ਦੇ ਲਈ ਲਾਹੇਵੰਦ ਨੀਤੀ ਨੂੰ ਅਮਲ ਵਿੱਚ ਲਿਆਉਣਾ ਚਾਹੀਦਾ ਹੈ।

ਅੱਜ ਕੀ ਚਾਹੁੰਦਾ ਹੈ ਵਪਾਰੀ- ਈਵੈਂਟ ਦੇ ਦੌਰਾਨ ਦੁਕਾਨਦਾਰ- ਬਲਜੀਤ ਸਿੰਘ ਅਤੇ ਦੁਕਾਨਦਾਰ- ਅੰਮ੍ਰਿਤ ਪਾਲ ਸਿੰਘ ਕਿਹਾ ਕਿ ਆਮ ਤੌਰ ਤੇ ਐਤਵਾਰ ਛੁੱਟੀ ਵਾਲੇ ਦਿਨ ਜਿਆਦਾਤਰ ਦੁਕਾਨਾਂ ਬੰਦ ਰਹਿੰਦੀਆਂ ਹਨ ਪ੍ਰੰਤੂ ਵਿਆਹਾਂ ਅਤੇ ਤਿਉਹਾਰ ਦੇ ਸੀਜਨ ਦੇ ਚਲਦਿਆਂ ਦੁਕਾਨਦਾਰਾਂ ਵੱਲੋਂ ਆਪਣੀਆਂ ਆਪੋ- ਆਪਣੀਆਂ ਦੁਕਾਨਾਂ ਅੱਜ ਐਤਵਾਰ ਵਾਲੇ ਦਿਨ ਵੀ ਪੂਰੀ ਤਰਹਾਂ ਖੁੱਲੀਆਂ ਹਨ ਅਤੇ ਮਾਰਕੀਟ ਪਹਿਲਾਂ ਦੀ ਤਰ੍ਹਾਂ ਹੀ ਪੂਰੀ ਤਰ੍ਹਾਂ ਸਜੇ ਹੋਏ ਹਨ, ਮਹਾਜਨ ਸ਼ੂਜ ਦੇ ਮਾਲਕ -ਅਭੈ ਮਹਾਜਨ ਅਤੇ ਵਿਜੇਇੰਦਰ ਸਿੰਘ ਨੇ ਕਿਹਾ ਕਿ ਸੋਨੇ ਦੇ ਭਾਅ ਪਿਛਲੇ ਇੱਕ ਸਾਲਾਂ ਦੇ ਵਿੱਚ ਤੇਜ਼ੀ ਨਾਲ ਵਧਣ ਦੇ ਬਾਵਜੂਦ ਵੀ ਲੋਕਾਂ ਵੱਲੋਂ ਆਪੋ- ਆਪਣੀ ਜਰੂਰਤ ਅਤੇ ਸਮਰੱਥਾ ਦੇ ਮੁਤਾਬਕ ਚਾਂਦੀ ਅਤੇ ਸੋਨੇ ਦੇ ਗਹਿਣੇ ਜਰੂਰ ਖਰੀਦੇ ਜਾ ਰਹੇ ਹਨ, ਦੁਕਾਨਦਾਰ - ਮਲਕੀਅਤ ਸਿੰਘ ਸਮੇਂ ਦੀਆਂ ਸਰਕਾਰਾਂ ਨੂੰ ਦੁਕਾਨਦਾਰ ਦੇ ਦੁਕਾਨਦਾਰਾਂ ਦੇ ਕਾਰੋਬਾਰ ਨੂੰ ਸਹੀ ਢੰਗ ਨਾਲ ਚੱਲਦੇ ਰਹਿਣ ਦੇ ਲਈ ਨੀਤੀ ਨੂੰ ਅਮਲ ਵਿੱਚ ਲਿਆਉਣਾ ਚਾਹੀਦਾ ਹੈ।





ਤਿਉਹਾਰਾਂ ਦਾ ਸੀਜ਼ਨ ਨੇੜੇ ਆ ਰਿਹਾ ਹੈ। ਇਸ ਮੌਕੇ 'ਤੇ ਮਾਰਕੀਟਾਂ ਵਿੱਚ ਗਾਹਕੀ ਵਧੇਗੀ ਅਤੇ ਲੋਕ ਵੱਡੀ ਗਿਣਤੀ ਵਿੱਚ ਖਰੀਦਦਾਰੀ ਕਰਨ ਆਉਣਗੇ। ਇਸ ਕਰਕੇ ਸਾਰਿਆਂ ਵਪਾਰੀਆਂ ਵੱਲੋਂ ਮੋਹਾਲੀ ਕਾਰਪੋਰੇਸ਼ਨ ਨੂੰ ਬੇਨਤੀ ਹੈ ਕਿ:

- **ਮਾਰਕੀਟਾਂ ਦੀ ਸਾਫ਼–ਸਫ਼ਾਈ ਨੂੰ ਹੋਰ ਬਿਹਤਰ ਬਣਾਇਆ ਜਾਵੇ।**
- **ਸੜਕਾਂ ਅਤੇ ਪਾਰਕਿੰਗ ਖੇਤਰਾਂ ਵਿੱਚ ਰੌਸ਼ਨੀ ਦਾ ਪੂਰਾ ਪ੍ਰਬੰਧ ਕੀਤਾ ਜਾਵੇ।**
- **ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਲਈ ਵਾਧੂ ਸਟਾਫ਼ ਤੈਨਾਤ ਕੀਤਾ ਜਾਵੇ ਤਾਂ ਜੋ ਗਾਹਕਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ।**
- **ਸਮੇਂ-ਸਮੇਂ 'ਤੇ ਦਰਖ਼ਤਾਂ ਦੀ ਛਾਂਗ-ਛੰਗਾਈ ਅਤੇ ਕੂੜੇ ਦੀ ਨਿਯਮਿਤ ਉਠਾਈ ਜਾਵੇ।**
- **ਮਾਰਕੀਟ ਵਿੱਚ ਸੁਰੱਖਿਆ ਦੇ ਪੱਖ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਜੋ ਲੋਕ ਬਿਨਾ ਚਿੰਤਾ ਖਰੀਦਦਾਰੀ ਕਰ ਸਕਣ।**
- **ਮਾਰਕੀਟ ਇਲਾਕਿਆਂ ਵਿੱਚ ਦਿਨ-ਰਾਤ ਨਿਰੰਤਰ ਅਤੇ ਵਧੇਰੇ PCR ਪਟਰੋਲਿੰਗ ਕੀਤੀ ਜਾਵੇ**

ਅਸੀਂ ਉਮੀਦ ਕਰਦੇ ਹਾਂ ਕਿ ਮੋਹਾਲੀ ਕਾਰਪੋਰੇਸ਼ਨ ਵਪਾਰੀਆਂ ਅਤੇ ਗਾਹਕਾਂ ਦੇ ਸਹਿਯੋਗ ਲਈ ਪੂਰੀ ਤਿਆਰੀ ਕਰੇਗੀ ਅਤੇ ਤਿਉਹਾਰੀ ਸੀਜ਼ਨ ਨੂੰ ਸੁਗਮ ਤੇ ਖੁਸ਼ਗਵਾਰ ਬਣਾਉਣ ਲਈ ਜ਼ਰੂਰੀ ਕਦਮ ਚੁੱਕੇਗੀ।

